Diputació Barcelona | Àrea d'Educació, Esports i Joventut



# ਕੀ ਜੇ... ਅਸੀਂ ਜਾਂਚ-ਪੜਤਾਲ ਕਰਦੇ ਹਾਂ?

ਸਿਆਣਿਆਂ ਅਤੇ ਬੱਚਿਆਂ ਦੇ ਰੋਜ਼ਾਨਾ ਜੀਵਨ ਵਿੱਚ ਵਿਗਿਆਨ
ਵਿੱਚ ਦਿਲਚਸਪੀ ਨੂੰ ਉਤਸ਼ਾਹਿਤ ਕਰਨ ਲਈ ਸੁਝਾਅ।

ਜਦੋਂ ਅਸੀਂ ਬੱਚਿਆਂ ਅਤੇ ਨੌਜਵਾਨ ਲੋਕਾਂ ਦੇ ਨਾਲ ਹੁੰਦੇ ਹਾਂ ਤਾਂ ਇਹ ਗੱਲ ਚੇਤੇ ਰੱਖਣੀ ਹੁੰਦੀ ਹੈ।
ਸਾਡਾ ਰਵੱਈਆ ਉਨ੍ਹਾਂ ਦੀ ਸਿੱਖਣ ਦੀ ਕਿਰਿਆ ਵਿੱਚ ਇੱਕ ਨਿਰਣਾਇਕ ਕਾਰਕ ਹੁੰਦਾ ਹੈ।
**ਇਹ ਸੌਖਾ ਹੈ! ਕੀ ਤੁਸੀਂ ਇਸ ਨੂੰ ਇੱਕ ਮੌਕਾ ਦੇਣਾ ਚਾਹੋਗੇ? ਇਸ ਨੂੰ ਅਜ਼ਮਾਓ!**

## 1. ਅਸੀਂ ਸੁਭਾਅ ਵਿੱਚ ਜਗਿਆਸੂ ਅਤੇ ਗੈਰ-ਅਨੁਕੂਲ ਹਾਂ।

ਆਓ ਬੱਚਿਆਂ ਅਤੇ ਕਿਸ਼ੋਰਾਂ ਵਿੱਚ ਇਸ ਨੂੰ ਉਤਸ਼ਾਹਿਤ ਕਰੀਏ। ਪਹਿਲੇ 'ਕਿਉਂ?' ਲਈ ਜਵਾਬ ਕਦੇਵੀ ਕਾਫ਼ੀ ਨਹੀਂ ਹੁੰਦਾ ਹੈ। ਇਸ ਤੋਂ ਬਾਅਦ ਹਮੇਸ਼ਾ ਦੂਜਾ 'ਕਿਉਂ?' ਆਉਂਦਾ ਹੈ। ਸਿੱਖਣ ਵਿੱਚ ਸਵਾਲ ਪੁੱਛਣਾ, ਵਿਚਾਰ ਕਰਨਾ ਅਤੇ ਮੁੜ-ਵਿਚਾਰ ਕਰਨਾ, ਵਿਕਲਪਾਂ ਨੂੰ ਲੱਭਣਾ, ਸਬੰਧ ਜੋੜਨਾ, ਮਾਪਣਾ, ਤਿਆਰ ਕਰਨਾ ਆਦਿ ਵੀ ਸ਼ਾਮਲ ਹੈ।

## 2. ਜਾਂਚ-ਪੜਤਾਲ ਸਾਡੇ ਆਸ-ਪਾਸ ਦੀ ਦੁਨੀਆਂ ਨੂੰ ਸਮਝਣ ਅਤੇ ਪੱਕਾ ਫੈਸਲਾ ਲੈਣ ਵਿੱਚ ਸਾਡੀ ਮਦਦ ਕਰਦੀ ਹੈ।

ਇਹੋ ਕਾਰਨ ਹੈ ਕਿ ਉਤਸੁਕਤਾ ਅਤੇ ਰਚਨਾਤਮਕਤਾ ਦੀ ਇਸ ਕਿਰਿਆ ਵਿੱਚ ਬੱਚਿਆਂ ਦੀ ਮਦਦ ਕਰਨਾ ਮਹੱਤਵਪੂਰਨ ਹੈ। ਇਹ ਸਮਝਣ ਵਿੱਚ ਉਹਨਾਂ ਦੀ ਮਦਦ ਕਰਨਾ ਕਿ ਜੇ ਉਹਨਾਂ ਨੂੰ ਕਿਸੇ ਚੀਜ਼ ਦੀ ਜਾਣਕਾਰੀ ਨਹੀਂ ਹੈ, ਤਾਂ ਉਹ ਸਿੱਖ ਸਕਦੇ ਹਨ।

## 3. ਅਤੇ ਸਾਨੂੰ ਕੀ ਜਾਂਚ-ਪੜਤਾਲ ਕਰਨੀ ਚਾਹੀਦੀ ਹੈ?

ਹਰ ਚੀਜ਼ ਦੀ। ਜਿਹੜੀ ਵੀ ਚੀਜ਼ ਨੂੰ ਅਸੀਂ ਸਭ ਤੋਂ ਜ਼ਿਆਦਾ ਪਸੰਦ ਕਰਦੇ ਹਾਂ: ਖਾਣਾ ਪਕਾਉਣਾ, ਭਾਸ਼ਾ, ਰਾਜਨੀਤੀ, ਇਤਿਹਾਸ, ਵਿਗਿਆਨ, ਜਾਨਵਰ, ਲੋਕ, ਸਾਹਿਤ, ਆਦਿ।

## 4. ਕਿਹੜੀ ਵਿਵਸਥਾ ਵਿੱਚ?

ਸਾਰੀਆਂ। ਜਾਂਚ-ਪੜਤਾਲ ਕਰਨਾ ਜੀਵਨ ਲਈ ਇੱਕ ਝੁਕਾਅ ਹੈ। ਉਤਸੁਕ ਹੋਣ ਅਤੇ ਆਪਣੇ ਆਪ ਨੂੰ ਸਵਾਲ ਪੁੱਛਣ ਵਿੱਚ ਜ਼ਿਆਦਾ ਸਮਾਂ ਨਹੀਂ ਲੱਗਦਾ।

## 5. ਜਾਂਚ-ਪੜਤਾਲ ਕਰਨ ਦੀ ਆਦਤ ਛੂਤ ਕਾਰੀ ਹੈ।

ਜਾਂਚ-ਪੜਤਾਲ ਕਰਨ ਦੀ ਆਦਤ ਛੂਤ ਕਾਰੀ ਹੈ। ਜੇ ਸਿਆਣੇ ਚੀਜ਼ਾਂ ਬਾਰੇ ਸਵਾਲ ਪੁੱਛਦੇ ਅਤੇ ਤਜਰਬਾ ਕਰਦੇ ਹਨ ਤਾਂ ਬੱਚੇ ਵੀ ਚੀਜ਼ਾਂ ਬਾਰੇ ਸਵਾਲ ਪੁੱਛਣਗੇ ਅਤੇ ਤਜਰਬਾ ਕਰਨਗੇ। ਇਹ ਮੌਕਾ ਨਾ ਗੁਆਓ।

## 6. ਜਾਣਕਾਰੀ ਕਦੇ ਪੂਰਨ ਨਹੀਂ ਹੁੰਦੀ।

ਸਾਨੂੰ ਕਦੇ ਵੀ ਸਭ ਕੁਝ ਪਤਾ ਨਹੀਂ ਹੁੰਦਾ ਅਤੇ -- ਸ਼ੁਕਰ ਹੈ -- ਕਦੇ ਵੀ ਇੱਕ ਜਵਾਬ ਨਹੀਂ ਹੁੰਦਾ। ਇਹ ਅਸਥਾਈ ਅਤੇ ਆਰਜ਼ੀ ਹੁੰਦੇ ਹਨ। ਸ਼ੱਕ, ਸਿੱਖਣ ਵਿੱਚ ਸਾਡੀ ਮਦਦ ਕਰਦੇ ਹਨ।

## 7. ਸਾਂਝਾ ਕਰਨਾ, ਸੁਣਨਾ, ਬੋਲਣਾ ਅਤੇ ਪੇਸ਼ ਕਰਨਾ।

ਗੱਲਾਂ ਸਾਂਝੀਆਂ ਕਰਕੇ ਅਸੀਂ ਇੱਕ ਦੂਜੇ ਦੇ ਨਜ਼ਦੀਕ ਆਉਂਦੇ ਹਾਂ। ਦੂਜਿਆਂ ਦੇ ਪ੍ਰਸਤਾਵਾਂ ਨੂੰ ਸੁਣਨਾ ਅਤੇ ਸਵੀਕਾਰ ਕਰਨਾ, ਤਰਕ ਅਤੇ ਸ਼ੱਕ ਸਾਡੀ ਆਪਣੀ ਜਾਣਕਾਰੀ ਨੂੰ ਵਧਾਉਂਦੇ ਹਨ। ਬੋਲਣਾ ਅਤੇ ਪੇਸ਼ ਕਰਨਾ ਸਾਡੇ ਵਿਚਾਰਾਂ ਨੂੰ ਆਕਾਰ ਦੇਣ ਵਿੱਚ ਸਾਡੀ ਮਦਦ ਕਰਦਾ ਹੈ।

## 8. ਸਾਨੂੰ ਬਹੁਤ ਸਾਵਧਾਨ ਹੋਣ ਦੀ ਲੋੜ ਹੈ। ਆਦੇਸ਼ ਸਿੱਖਿਆ ਨੂੰ ਵਧਾਉਂਦਾ ਹੈ।

ਸਮੱਸਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ,ਪਰਕਿਲਪਨਾ ਤਿਆਰ ਕਰਨਾ, ਇੱਕ ਕਾਰਜ-ਨੀਤੀ ਬਣਾਉਣੀ, ਇਸ ਨੂੰ ਲਾਗੂ ਕਰਨਾ, ਡੇਟਾ ਇਕੱਤਰ ਕਰਨਾ, ਇਸ ਦਾ ਮੁਲਾਂਕਣ ਕਰਨਾ ਅਤੇ ਇਸ ਤੋਂ ਨਤੀਜੇ ਕੱਢਣਾ।

## 9. ਕਾਹਲੀ ਨਾਲ ਕਦੇ ਹੱਲ ਨਹੀਂ ਨਿਕਲਦਾ।

ਨਾ ਹੀ ਪੂਰਨ ਨਿਸ਼ਚਾ ਹੁੰਦਾ ਹੈ। ਬਾਲਗਾਂ ਦੀਆਂ ਕਮੀਆਂ ਜਿਹਨਾਂ ਨੂੰ ਸਾਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਾਡੇ ਕੋਲ ਕਿਉਂ ਕਦੇ ਵੀ ਸਮਾਂ ਨਹੀਂ ਹੁੰਦਾ? ਇਸ ਨਾਲ ਨਿਪਟਣ ਦਾ ਕੋਈ ਤੀਰਕਾ ਨਹੀਂ ਹੈ। ਸਾਡੇ ਕੋਲ ਕਿਉਂ ਹਮੇਸ਼ਾ ਬੱਚਿਆਂ ਦੇ ਸਵਾਲਾਂ ਦੇ ਜਵਾਬ ਹੋਣੇ ਚਾਹੀਦੇ ਹਨ? ਇਸ ਨਾਲ ਨਿਪਟਣ ਦਾ ਕੋਈ ਤੀਰਕਾ ਨਹੀਂ ਹੈ।

## 10. ਅਸੀਂ ਜਾਂਚ-ਪੜਤਾਲ ਕਰਕੇ ਜਾਂਚ-ਪੜਤਾਲ ਕਰਨਾ ਸਿੱਖਦੇ ਹਾਂ।

ਖੋਜ ਲਈ ਤਲਬ ਹਰ ਰੋਜ਼ ਖੋੜ੍ਹੀ-ਥੋੜ੍ਹੀ ਖੋਜ ਕਰਕੇ, ਸਵਾਲ ਕਰਕੇ, ਕੋਸ਼ਿਸ਼ ਕਰਕੇ, ਸ਼ੱਕ ਕਰਕੇ ਵਿਕਸਿਤ ਹੁੰਦੀ ਹੈ... ਅਤੇ ਨਾ ਸਿਰਫ਼ ਘਰ ਜਾਂ ਸਕੂਲ ਵਿੱਚ। ਇਸ ਨੂੰ ਵਧਾਵਾ ਦੇਣ ਦਾ ਸਭ ਤੋਂ ਵਧੀਆ ਸਮਾਂ ਬੱਚਿਆਂ ਦੇ ਵਿਹਲੇ ਸਮੇਂ ਮਨੋਰੰਜਨ ਗਤੀਵਿਧੀਆਂ ਦੌਰਾਨ ਜਾਂ ਸੰਮਰ ਕੈਂਪ ਵਿੱਚ ਹੁੰਦਾ ਹੈ।